ਕਾਰਜਕਾਰੀ ਇੰਜੀਨੀਅਰ,
ਉਸਾਰੀ ਮੰਡਲ, ਲੋਕ ਨਿਰਮਾਣ ਵਿਭਾਗ (ਭ ਤੇ ਮ), ਸ਼ਾਖਾ, ਸਰਹਿੰਦ
Email:- eecdsirhindpwdpb@gmail.com Phone:- 01763-222275

ਸੇਵਾ ਵਿਖੇ,

Principal
Headmistress, Akal Academy,
Madhopur, Fatehgarh Sahib.

ਮੀਮੋ ਨੰ. 2575 ਮਿਤੀ. 30/8/24

ਵਿਸ਼ਾ:- ਸਾਲ 2024-2025 ਲਈ Building Safety Certificate ਜਾਰੀ ਕਰਨ ਬਾਰੇ
ਹਵਾਲਾ:- ਆਪ ਦਾ ਪੱਤਰ, ਮਿਤੀ.22.07.2024.

ਉਪਰੋਕਤ ਵਿਸ਼ੇ ਅਤੇ ਹਵਾਲੇ ਅਧੀਨ ਪੱਤਰ ਦੇ ਸਬੰਧ ਵਿੱਚ ਉਪ ਮੰਡਲ ਇੰਜੀਨੀਅਰ, ਉਸਾਰੀ ਉਪ ਮੰਡਲ, ਲੋ.ਨਿ.ਵਿ (ਭ ਤੇ ਮ) ਸ਼ਾਖਾ, ਸਰਹਿੰਦ ਵੱਲੋਂ ਕੀਤੀ ਰਿਪੋਰਟ ਮੁਤਾਬਿਕ ਸਾਲ 2024-2025 ਦਾ ਬਿਲਡਿੰਗ ਸੇਫਟੀ ਸਰਟੀਫਿਕੇਟ ਹੇਠ ਲਿਖੀਆਂ ਸ਼ਰਤਾਂ ਦੇ ਤਹਿਤ ਜਾਰੀ ਕੀਤਾ ਜਾਂਦਾ ਹੈ:-

1) ਹੜ੍ਹ/ਭੂਚਾਲ ਤੋਂ ਪ੍ਰਭਾਵਿਤ ਹੋਣ ਦੀ ਸੂਰਤ ਵਿੱਚ ਬਿਲਡਿੰਗ ਨੂੰ ਮਹਿਕਮੇ ਤੋਂ ਦੁਬਾਰਾ ਚੈੱਕ ਕਰਵਾਇਆ ਜਾਵੇ।
2) ਜੇਕਰ ਸਕੂਲ ਦੀ ਇਮਾਰਤ ਵਿੱਚ ਕੋਈ ਵਾਧਾ ਕੀਤਾ ਜਾਂਦਾ ਹੈ ਤਾਂ ਅਗਲੇ ਸਾਲ ਲਈ ਸਰਟੀਫਿਕੇਟ ਲੈਣ ਤੋਂ ਪਹਿਲਾਂ ਉਸ ਦਾ ਏਰੀਆ ਵਿੱਚ ਸ਼ਾਮਿਲ ਕਰ ਲਿਆ ਜਾਵੇ।
3) ਜੇਕਰ ਬਿਲਡਿੰਗ ਵਿੱਚ ਵਾਧਾ/ਤਬਦੀਲੀ ਕੀਤੀ ਜਾਂਦੀ ਹੈ ਤਾਂ ਇਹ ਕੰਮ ਕਿਸੇ ਯੋਗ ਇੰਜੀਨੀਅਰ ਦੀ ਦੇਖ-ਰੇਖ ਹੇਠ ਕਰਵਾਇਆ ਜਾਵੇ ਅਤੇ ਬਿਲਡਿੰਗ ਦੀ ਸੇਫਟੀ ਸਬੰਧੀ ਸਰਟੀਫਿਕੇਟ ਇਸ ਵਿਭਾਗ ਤੋਂ ਦੁਬਾਰਾ ਪ੍ਰਾਪਤ ਕੀਤਾ ਜਾਵੇ।
4) ਇਸ ਬਿਲਡਿੰਗ ਦਾ ਫਾਇਰ ਸੁਰੱਖਿਅਤ ਸਰਟੀਫਿਕੇਟ ਇੰਚਾਰਜ ਫਾਇਰ ਸਟੇਸ਼ਨ, ਫਤਹਿਗੜ੍ਹ ਸਾਹਿਬ ਵੱਲੋਂ ਪੱਤਰ ਨੰ.505-87794-Fire/67991, ਮਿਤੀ 09.05.2024 ਰਾਹੀਂ ਇੱਕ ਸਾਲ ਲਈ ਦਿੱਤਾ ਗਿਆ ਹੈ। ਇਸ ਦੀ ਵੈਧਤਾ ਖਤਮ ਹੋਣ ਉਪਰੰਤ ਇਸ ਸਰਟੀਫਿਕੇਟ ਨੂੰ ਮੁੜ ਰੀਨਿਊ ਕਰਵਾਇਆ ਜਾਵੇ।
5) ਇਹ ਸਰਟੀਫਿਕੇਟ ਕਿਸੇ ਵੀ ਤਰ੍ਹਾਂ ਦੇ ਕਾਨੂੰਨੀ ਕੇਸਾਂ ਲਈ ਵੈਧ ਨਹੀਂ ਹੈ।
6) ਇਸ ਸਰਟੀਫਿਕੇਟ ਦੀ ਮਿਆਦ ਮਿਤੀ.31.03.2025 ਤੱਕ ਹੈ।

ਕਾਰਜਕਾਰੀ ਇੰਜੀਨੀਅਰ,
ਉਸਾਰੀ ਮੰਡਲ,ਲੋ.ਨਿ.ਵਿ,
(ਭ ਤੇ ਮ) ਸ਼ਾਖਾ ਸਰਹਿੰਦ

ਪਿੰਠ ਅੰਕਣ ਨੰ. ਮਿਤੀ.

ਉਪਰੋਕਤ ਦਾ ਉਤਾਰਾ ਉਪ ਮੰਡਲ ਇੰਜੀਨੀਅਰ, ਉਸਾਰੀ ਉਪ ਮੰਡਲ, ਲੋਕ ਨਿਰਮਾਣ ਵਿਭਾਗ (ਭ ਤੇ ਮ), ਸਰਹਿੰਦ ਨੂੰ ਉਨਾਂ ਵੱਲੋਂ ਪੱਤਰ ਨੰ.282, ਮਿਤੀ.23-08-2024 ਰਾਹੀਂ ਕੀਤੀ ਗਈ ਰਿਪੋਰਟ ਦੇ ਸਬੰਧ ਵਿੱਚ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਕਾਰਜਕਾਰੀ ਇੰਜੀਨੀਅਰ,
ਉਸਾਰੀ ਮੰਡਲ,ਲੋ.ਨਿ.ਵਿ,
(ਭ ਤੇ ਮ) ਸ਼ਾਖਾ ਸਰਹਿੰਦ